214

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** **R.N. No. 28873/76** **May-June, 2019**

**(Punjabi)**

ਸਾਲ : 50 ਅੰਕ : 4 ਕੁਲ ਅੰਕ : 214

*Editor-in-chief*

**Munir-ul-Islam**

*Editor*

**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ – (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ

## ❑ ਆਲੇਖ


* ਗਿਆਨੀ ਜੀਵਨ ਸਿੰਘ ਦਾ ਇਤਿਹਾਸਕ ਮਹਾਂਕਾਵਿ : ਲਹੂ ਭਰੀਆਂ ਯਾਦਾਂ/ *ਦੇਵਿੰਦਰ ਸਿੰਘ ਵਿਸ਼ਵਨਾਗਰਿਕ/1*
* ਡਾ. ਟੀ. ਆਰ. ਵਿਨੋਦ ਦੀ ਦ੍ਰਿਸ਼ਟੀ ਵਿੱਚ ਨਾਨਕ ਸਿੰਘ ਦੀ ਗਲਪ-ਦ੍ਰਿਸ਼ਟੀ/*ਡਾ. ਗੁਰਜੰਟ ਸਿੰਘ/14*
* ਵਰ੍ਹਾ 2017-18 ਦਾ ਰਿਆਸਤੀ ਪੰਜਾਬੀ ਨਾਵਲ (ਪ੍ਰਾਪਤੀਆਂ ਅਤੇ ਸੰਭਾਵਨਾਵਾਂ)/ *ਡਾ. ਪ੍ਰੀਤਮ ਸਿੰਘ/20*
* 'ਵਿਸ਼ਵੀਕਰਨ ਦੇ ਪੱਖ ਤੋਂ ਪੰਜਾਬੀ ਨਾਵਲ ਦਾ ਮੁਲਾਂਕਣ'/*ਸੰਦੀਪ ਕੌਰ/25*
* ਗੁਰਦਿਆਲ ਸਿੰਘ ਦਾ ਨਾਵਲ 'ਅਣਹੋਏ' : ਸਮਾਜ ਸ਼ਾਸਤਰੀ ਅਧਿਐਨ/*ਸੀਮਾ/30*


## ❑ ਨਾਟਕ


* ਕਸ਼ਮੀਰ ਦਾ ਉਜਾੜਾ/*ਸਵਰਗੀ ਬੀਕਮ ਸਿੰਘ 'ਰਾਹੀ'/37*


## ❑ ਕਹਾਣੀਆਂ


* ਸਵਾਲ/*ਇੰਛੂਪਾਲ/49*
* ਹੁਣ ਨਹੀਂ/*ਰਤਨ ਸਿੰਘ ਕੰਵਲ (ਪਹਿਲਗਾਮੀ)/57*
* ਓਹ ਜਾਣੇ/*ਹਰਦੀਪ ਸਿੰਘ ਦੀਪ/65*


## ❑ ਕਾਵਿ ਰੂਪ


* ਗ਼ਜ਼ਲ/*ਸੁਰਿੰਦਰ ਸਿੰਘ ਸੀਰਤ/73*
* ਗ਼ਜ਼ਲਾਂ/*ਅਮਰ ਸਿੰਘ 'ਕੂਕਾ'/74*
* ਗ਼ਜ਼ਲਾਂ/*ਬਲਜੀਤ ਸਿੰਘ ਰੈਨਾ/77*
* ਮਾਹੀਏ/*ਡਾ. ਨਿਰਮਲ ਵਿਨੋਦ/81*
* ਕਲੀਆਂ, ਭਾਲ/*ਹਰਭਜਨ ਸਿੰਘ ਉਪਾਸ਼ਕ/83*
* ਸੂਫ਼ੀ ਫ਼ਕੀਰ, ਲਕੀਰਾਂ, ਨੰਨ੍ਹਾ ਬੱਚਾ, ਮਾਂ/*ਡਾ. ਸਨੋਬਰ/87*
* ਮਾਂ ਬੋਲੀ, ਖੁਸ਼ਕਿਸਮਤ ਨੇ ਓਹ ਲੋਕ/*ਬਲਵਿੰਦਰ ਸਿੰਘ ਜੰਮੂ/94*


## ❑ ਨਵੀਂ ਕਲਮ


* ਦੇਸ਼ ਵਾਪਸੀ : ਸੰਵੇਦਨਸ਼ੀਲਤਾ ਦੇ ਪੱਖ ਤੋਂ/*ਡਾ. ਕੰਵਲਜੀਤ ਕੌਰ/97*
* ਘਰ ਵਾਪਸੀ ਇਕ ਵਿਸ਼ਲੇਸ਼ਣ/*ਜਗਮੋਹਨ ਸਿੰਘ/100*


## ❑ ਪੁਸਤਕ ਪੜਚੋਲ


* ਤਰਕਾਲਾਂ ਦੀਆਂ ਆਵਾਜ਼ਾਂ (ਕਾਵਿ ਸੰਗ੍ਰਹਿ)/*ਡਾ. ਹਰਬੰਸ ਸਿੰਘ ਧੀਮਾਨ/106*

# ਵਰ੍ਹਾ 2017-18 ਦਾ ਰਿਆਸਤੀ ਪੰਜਾਬੀ ਨਾਵਲ (ਪ੍ਰਾਪਤੀਆਂ ਅਤੇ ਸੰਭਾਵਨਾਵਾਂ)

❑ ਡਾ. ਪ੍ਰੀਤਮ ਸਿੰਘ

ਸਮੁੱਚੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਅਧਿਐਨ ਇਕ ਅਤਿ ਜਟਿਲ ਕਾਰਜ ਹੈ, ਇਸ ਜਟਿਲਤਾ ਦਾ ਪ੍ਰਮੁੱਖ ਕਾਰਨ ਸਮਕਾਲੀ ਪੰਜਾਬ ਦੀਆਂ ਭੂਗੋਲਿਕ ਅਤੇ ਰਾਜਸੀ ਹੱਦਾਂ ਤੋਂ ਬਾਹਰ ਪੰਜਾਬੀ ਭਾਸ਼ਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਪੰਜਾਬ ਨਾਲੋਂ ਵੱਖਰੇ ਸਮਾਜਿਕ-ਆਰਥਿਕ ਆਧਾਰ ਅਤੇ ਵਖਰੇ ਰਚਨਾਤਮਕ ਅਨੁਭਵ ਦਾ ਹੋਣਾ ਹੈ। ਇਹੀ ਕਾਰਨ ਹੈ ਕਿ ਅੱਜ ਤਕ ਇਕ ਸੀਮਿਤ ਨਜ਼ਰੀਏ ਹੇਠ ਪੰਜਾਬ ਦੀਆਂ ਰਾਜਸੀ ਅਤੇ ਭੂਗੋਲਿਕ ਹੱਦਾਂ ਤੋਂ ਬਾਹਰ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਬਹੁਤਾ ਅਣਗੌਲਿਆਂ ਹੀ ਕੀਤਾ ਜਾਂਦਾ ਰਿਹਾ ਹੈ। ਜੇਕਰ ਸਮੁੱਚੇ ਪੰਜਾਬੀ ਸਾਹਿਤ ਦੀ ਰਚਨਾਤਮਕ ਬਹੁ-ਰੰਗਤਾ ਨੂੰ ਪਛਾਨਣਾ ਅਤੇ ਸਮਝਣਾ ਹੈ ਤਾਂ ਇਹ ਲਾਜ਼ਮੀ ਹੈ ਕਿ ਪੰਜਾਬੀ ਸਾਹਿਤ ਦਾ ਮੁਲਾਂਕਣ ਕਰਦੇ ਸਮੇਂ ਅਜੋਕੇ ਪੰਜਾਬ ਦੀਆਂ ਰਾਜਸੀ ਅਤੇ ਭੂਗੋਲਿਕ ਹੱਦਾਂ ਤੋਂ ਪਾਰ ਜਾਇਆ ਜਾਵੇ। ਇਨ੍ਹਾਂ ਹੱਦਾ ਤੋਂ ਪਾਰ ਪਛੱਮੀ ਪੰਜਾਬ, ਦਿੱਲੀ, ਹਰਿਆਣਾ ਅਤੇ ਵਿਦੇਸ਼ੀ ਧਰਤੀ ਤੇ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਵਿਸ਼ੇਸ਼ ਲੱਛਣਾ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਇਸ ਸੰਦਰਭ ਵਿਚ ਰਿਆਸਤ ਜੰਮੂ ਕਸ਼ਮੀਰ ਇਕ ਮਹਤਵਪੂਰਨ ਖਿੱਤਾ ਹੈ ਜਿਥੇ ਪੰਜਾਬੀ ਭਾਸ਼ਾ ਵਿਚ ਪੰਜਾਬ ਤੋਂ ਬਾਅਦ ਸਭ ਤੋਂ ਵੱਧ ਸਾਹਿਤਕ ਸਿਰਜਣਾ ਹੁੰਦੀ ਆਈ ਅਤੇ ਹੋ ਰਹੀ ਹੈ। ਰਿਆਸਤੀ ਪੰਜਾਬੀ ਸਾਹਿਤ ਦੀਆਂ ਵਖੋ-ਵਖਰੀਆਂ ਸਾਹਿਤਕ ਵਿਧਾਵਾਂ ਵਿਚੋਂ ਨਾਵਲ ਇਕ ਅਜਿਹੀ ਵਿਧਾ ਹੈ ਜੋ ਪੰਜਾਬੀ ਨਾਵਲ ਦੇ ਵਿਸ਼ੇਸ਼ ਬਿਰਤਾਂਤਕ ਚੌਖਟੇ ਦੀ ਸਾਂਝ ਦਾ ਲਿਖਾਇਕ ਹੋਣ ਦੇ ਨਾਲ-ਨਾਲ ਵੱਖਰੇ ਜੀਵਨ ਅਨੁਭਵ ਅਤੇ ਵਿਸ਼ੇਸ਼ ਸਮਾਜਿਕ-ਇਤਿਹਾਸਕ ਪ੍ਰਸਥਿਤੀਆਂ ਵਿਚੋਂ ਆਪਣੀ ਵਿਸ਼ੇਸ਼ ਅਤੇ ਵਿਲੱਖਣ ਹੋਂਦ ਗ੍ਰਹਿਣ ਕਰਦਾ ਹੈ। ਜਿਥੇ ਪੰਜਾਬ ਵਿਚ ਲਿਖੇ ਜਾਣ ਵਾਲੇ ਬਹੁਤੇ ਨਾਵਲ ਪੰਜਾਬ ਵਿਚਲੇ ਕਿਰਸਾਨੀ ਜੀਵਨ ਨਾਲ ਜੁੜੇ ਪ੍ਰਮੁੱਖ ਸਰੋਕਾਰਾਂ ਅਤੇ ਕਰੂਰ ਯਥਾਰਥ ਨੂੰ ਚੇਤਨਾ ਦੀ ਪੱਧਰ 'ਤੇ ਪੇਸ਼ ਕਰਨ ਵੱਲ ਰੁਚਿਤ ਰਹੇ ਹਨ ਉਥੇ ਜੰਮੂ ਕਸ਼ਮੀਰ ਦਾ ਪੰਜਾਬੀ ਨਾਵਲ ਆਪਣੇ ਵਿਸ਼ੇਸ਼ ਰਚਨਾਤਮਕ ਆਧਾਰਾਂ ਕਰਕੇ ਸਮੁੱਚੀ ਨਾਵਲ ਧਾਰਾ ਦਾ ਵਿਲੱਖਣ ਹਿੱਸਾ ਹੋ ਨਿਬੜਦਾ ਹੈ।

ਮੌਜੂਦਾ ਸਾਲ 2018 'ਚ ਰਿਆਸਤ ਜੰਮੂ ਕਸ਼ਮੀਰ ਦਾ ਪੰਜਾਬੀ ਨਾਵਲ ਆਪਣੀ ਉਮਰ ਦਾ ਪੰਜਾਵਾਂ ਵਰ੍ਹਾ ਹੰਡਾ ਰਿਹਾ ਹੈ। ਅੱਜ ਤੋਂ ਲਗਭਗ 50 ਵਰ੍ਹੇ ਪਹਿਲਾਂ ਸਨ 1969 ਵਿਚ ਡਾ ਰਿਛਪਾਲ ਸਿੰਘ ਬਾਲੀ ਦੇ ਨਾਵਲ 'ਪੀਡੀਆਂ ਨਾੜਾਂ' ਰਾਹੀਂ ਜੰਮੂ ਕਸ਼ਮੀਰ ਵਿਚ ਪੰਜਾਬੀ ਨਾਵਲਕਾਰੀ ਦਾ ਆਗਾਜ਼ ਹੋਇਆ। ਹਾਲਾਂਕਿ ਰਿਆਸਤ ਵਿਚ ਪੰਜਾਬੀ ਨਾਵਲ ਬਹੁਤ ਪਛੜ ਕੇ ਆਇਆ ਪਰ ਪਹਿਲਾ ਪੰਜਾਬੀ ਨਾਵਲ ਪ੍ਰਕਾਸ਼ਤ ਹੋਣ ਮਗਰੋਂ ਰਿਆਸਤੀ ਸਾਹਿਤਕਾਰਾਂ ਨੇ ਨਾਵਲ ਸਿਰਜਣਾ ਲਈ ਉਚੇਰੇ ਉਦਮ ਕੀਤੇ ਜਿਸਦੇ ਫਲਸਰੂਪ ਹੁਣ ਤੱਕ ਲਗਭਗ ਪੰਜਾਹ ਦੇ ਕਰੀਬ ਨਾਵਲ ਲਿਖੇ ਜਾ ਚੁਕੇ ਹਨ। ਗਿਣਾਤਮਕ ਪੱਖ ਤੋਂ ਇਹ ਕੋਈ ਬਹੁਤਾ ਸੰਤੋਖਜਨਕ ਆਂਕੜਾ ਨਹੀਂ ਹੈ ਪਰ ਰਿਆਸਤੀ ਨਾਵਲਾਂ ਵਿਚ ਸਥਾਨਕ ਇਤਿਹਾਸ ਅਤੇ ਆਂਚਲਿਕਤਾ ਦੇ ਹੋਏ ਗਲਪੀਕਰਨ ਕਰਕੇ

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ

ਸਮੁੱਚੇ ਪੰਜਾਬੀ ਨਾਵਲ ਸਾਹਿਤ ਵਿਚ ਰਿਆਸਤੀ ਪੰਜਾਬੀ ਨਾਵਲ ਦਾ ਇਕ ਮਹੱਤਵਪੂਰਨ ਯੋਗਦਾਨ ਹੈ।

ਜਿਥੋਂ ਤੱਕ ਸਾਲ 2017 ਦੀ ਗੱਲ ਹੈ ਤਾਂ ਰਿਆਸਤੀ ਪੰਜਾਬੀ ਨਾਵਲ ਲਈ ਇਹ ਸਾਲਸੀਮਿਤ ਜਿਹੀਆਂ ਪ੍ਰਾਪਤੀਆਂ ਵਾਲਾ ਸਾਲ ਹੀ ਰਿਹਾ ਹੈ। ਕੇਵਲ ਇਕ ਹੀ ਮੌਲਿਕ ਨਾਵਲ ਪ੍ਰੋ. ਹਰਬੰਸ ਸਿੰਘ ਦਾ 'ਅਲਵਿਦਾ' ਅਜਿਹੀ ਕ੍ਰਿਤ ਹੈ ਜੋ ਸਾਲ 2017 ਦੇ ਅੰਤਰਗਤ ਪ੍ਰਕਾਸ਼ਿਤ ਹੋਇਆ ਹੈ। ਜਦਕਿ ਡਾ. ਮੋਨੋਜੀਤ ਦਾ ਵਿਅੰਗ ਨਾਵਲ 'ਕੁੱਕ ਡੂ ਘੜੂੰ' ਅਧਾਰਾ 'ਆਬਰੂ' ਰਾਹੀਂ ਕਿਸ਼ਤਾਂ ਦੇ ਰੂਪ ਵਿਚ ਪਾਠਕਾਂ ਦੇ ਵਿਚ ਪਹੁੰਚਿਆ ਹੈ। ਪਰ ਇਨ੍ਹਾਂ ਦੋਹਾਂ ਰਚਨਾਵਾਂ ਸਬੰਧੀ ਵਿਡੰਬਨਾ ਇਹ ਹੈ ਕਿ ਨਾਵਲ ਦੇ ਵਿਧਾਗਤ ਚੌਖਟੇ 'ਚ ਇਹ ਦੋਵੇਂ ਨਾਵਲ ਫਿੱਟ ਨਹੀਂ ਬੈਠਦੇ। ਮੁੱਢਲੇ ਬਿਰਤਾਂਤ ਨੂੰ ਛੱਡ ਦਿੱਤਾ ਜਾਵੇ ਤਾਂ ਬਾਕੀ ਦਾ ਨਾਵਲ, 'ਅਲਵਿਦਾ' ਨਾਵਲ ਨਹੀਂ ਸਗੋਂ ਨਿਰੋਲ ਸਵੈਜੀਵਨੀ ਹੈ। ਇਹ ਕਹਿਣਾ ਬਿਲਕੁਲ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਲੇਖਕ ਨੇ ਆਪਣੇ ਅਤੇ ਆਪਣੀ ਪਤਨੀ ਦੇ ਨਾਂਵਾਂ ਨੂੰ ਬਦਲ ਕੇ ਆਪਣੇ ਇਸ ਸਵੈ-ਬਿਰਤਾਂਤ ਨੂੰ ਨਾਵਲੀ ਰੂਪ ਦੇਣ ਦੀ ਇਕ ਅਸਫ਼ਲ ਕੋਸ਼ਿਸ਼ ਕੀਤੀ ਹੈ। ਅਗਰ ਇਹ ਰਚਨਾ ਸਵੈਜੀਵਨੀ ਰੂਪ ਵਿਚ ਹੀ ਪ੍ਰਕਾਸ਼ਿਤ ਹੁੰਦੀ ਤਾਂ ਇਹ ਰਿਆਸਤੀ ਵਾਰਤਕ ਸਾਹਿਤ ਵਿਚ ਇਕ ਮਹੱਤਵਪੂਰਨ ਵਾਧੇ ਵਜੋਂ ਸਵੀਕਾਰੀ ਅਤੇ ਸਤਿਕਾਰੀ ਜਾਂਦੀ। ਖ਼ੈਰ ਕੁੱਝ ਕਲਾਤਮਕ ਉਣਤਾਈਆਂ ਦੇ ਬਾਅਦ ਵੀ ਇਸ ਤਥਾ-ਕਥਿਤ ਨਾਵਲ ਦਾ ਆਪਣਾ ਇਕ ਵਸਤੂਗਤ ਅਤੇ ਕਲਾਤਮਕ ਮਹੱਤਵ ਜ਼ਰੂਰ ਹੈ। ਬੇਹਦ ਸੰਵੇਦਨਾਤਮਕ ਸ਼ੈਲੀ ਵਿਚ ਲਿਖੇ ਇਸ ਸਵੈ-ਜੀਵਨੀ ਮੂਲਕ ਨਾਵਲ ਵਿਚੋਂ ਕੁੱਝ ਪ੍ਰਮੁੱਖ ਸੂਤਰ ਉਘੜ ਕੇ ਸਾਹਮਣੇ ਜ਼ਰੂਰ ਆਉਂਦੇ ਹਨ। 1919 ਵਿਚ ਨਾਇਕਾ ਰਵਨੀਤ ਦੇ ਪਿਤਾ ਸੁੰਦਰ ਸਿੰਘ ਦੇ ਜਨਮ ਤੋਂ ਸ਼ੁਰੂ ਹੋਇਆ ਇਹ ਨਾਵਲ 1947 ਦੀ ਭਾਰਤ-ਪਾਕ ਵੰਡ ਦੇ ਬਾਅਦ ਮੁਜ਼ੱਫ਼ਰਾਬਾਦ ਵਿਚ ਹੋਏ ਕਬਾਇਲੀ ਹਮਲੇ ਦੌਰਾਨ ਹੋਈ ਕਤਲੋ-ਗਾਰਤ, ਉਜਾੜੇ ਦੀ ਪੀੜ, ਵਿਸਥਾਪਤ ਲੋਕਾਂ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਮੁੜ ਵਸੇਵੇ ਦੀ ਜੱਦੋ ਜਹਿਦ ਨੂੰ ਬੜੇ ਹੀ ਮਾਰਮਿਕ ਢੰਗ ਨਾਲ ਬਿਆਨ ਕਰਦਾ ਹੈ ਅਤੇ ਅੰਤ ਰਵਨੀਤ ਦੇ ਸਫ਼ਲ ਜੀਵਨ ਦੇ ਦੁਖਦਾਈ ਅੰਤ 'ਤੇ ਆ ਕੇ ਮੁੱਕ ਜਾਂਦਾ ਹੈ।

ਇਸ ਨਾਵਲ ਦੀ ਕਥਾ ਮੱਧ-ਵਰਗੀ ਚੇਤਨਾ ਵਿਚੋਂ ਹੀ ਆਪਣੀ ਹੋਂਦ ਅਤੇ ਅਰਥ ਗ੍ਰਹਿਣ ਕਰਦੀ ਹੈ। ਇਸ ਵਿਚ ਮੱਧ ਵਰਗੀ ਪਰਿਵਾਰ ਦੇ ਇਛੱਤ ਯਥਾਰਥ ਨੂੰ ਵਾਸਤਵਿਕਤਾ ਵਿਚ ਰੁਪਾਂਤ੍ਰਿਤ ਹੁੰਦਿਆਂ ਦਰਸ਼ਾਇਆ ਗਿਆ ਹੈ। ਇਹ ਨਾਵਲ ਇਕ ਦੰਪਤੀ ਜੋੜੇ ਹਰਜੀਤ ਅਤੇ ਰਵਨੀਤ ਦੇ ਜੀਵਨ ਦੇ ਆਲੇ-ਦੁਆਲੇ ਘੁੰਮਦਾ ਹੈ। ਨਾਵਲ ਵਿਚ ਮਾਸਟਰ ਹਰਜੀਤ ਅਤੇ ਰਵਨੀਤ ਮੱਧ ਵਰਗੀ ਚੇਤਨਾ ਨਾਲ ਪ੍ਰਣਾਏ ਹੋਏ ਪਾਤਰ ਹਨ। ਮਾਸਟਰ ਹਰਜੀਤ ਸਿੰਘ ਇਕ ਅਜਿਹਾ ਚੇਤਨ ਪਾਤਰ ਹੈ ਜੋ ਆਪਣੀ ਮਿਹਨਤ, ਲਗਣ ਅਤੇ ਸੰਘਰਸ਼ੀਲ ਸੁਭਾਉ ਕਰਕੇ ਸਕੂਲ ਮਾਸਟਰੀ ਤੋਂ ਕਾਲਜ ਪ੍ਰੋਫ਼ੈਸਰ ਬਨਣ ਤਕ ਦਾ ਸਫ਼ਰ ਤੈਅ ਕਰਦਾ ਹੈ। ਨਾਇਕਾ ਰਵਨੀਤ ਅਜਿਹੀ ਔਰਤ ਹੈ ਜਿਹੜੀ ਮੁੱਢਲੇ ਰੂਪ ਵਿਚ ਭਾਰਤੀ ਇਸਤਰੀ ਦੇ ਆਦਰਸ਼ਕ ਸੰਸਕਾਰਾਂ ਦੀ ਮਿਸਾਲ ਹੈ। ਉਹ ਇਕ ਆਗਿਆਕਾਰੀ ਧੀ, ਪਤੀਵ੍ਰਤਾ ਪਤਨੀ ਅਤੇ ਬੱਚਿਆਂ ਲਈ ਸਾਰੇ ਫ਼ਰਜਾਂ ਨੂੰ ਨਿਭਾਉਣ ਵਾਲੀ ਮਾਂ ਤਾਂ ਹੈ, ਪਰ ਪਰੰਪਰਾਵਾਂ ਦਾ ਨਿਰਵਾਹ ਕਰਦੀ ਹੋਈ ਰਵਨੀਤ ਆਪਣੇ ਆਪ ਨੂੰ ਘਰ ਦੀ ਚਾਰ ਦਿਵਾਰੀ ਵਿਚ ਹੀ ਕੈਦ ਨਹੀਂ ਕਰਦੀ ਸਗੋਂ ਆਪਣੀ ਜ਼ਿੰਦਗੀ ਦੀਆਂ ਸਿਖਰ ਸੰਭਾਵਨਾਵਾਂ ਨੂੰ ਹੰਢਾਉਂਦੀ ਹੈ। ਰਵਨੀਤ ਬਚਪਨ ਦੇ ਬੇਹਦ ਕਠਿਨ ਅਤੇ ਅਨਿਸ਼ਚਿਤ ਦੌਰ ਵਿਚੋਂ ਗੁਜ਼ਰਦੀ ਹੋਈ ਆਪਣੀ ਅਧਿਆਪਕ ਭੂਆ ਮਨਜੀਤ ਦੀ ਨਿਗਰਾਨੀ ਹੇਠ ਸ਼ਹਿਰੀ ਮੱਧ ਵਰਗੀ ਚੇਤਨਾ ਨੂੰ ਗ੍ਰਹਿਣ ਕਰਦੀ ਹੈ ਅਤੇ ਹਰਜੀਤ ਨਾਲ ਵਿਆਹ ਉਪਰੰਤ ਇਕ ਸਫ਼ਲ ਸ਼ਿਲਪਕਾਰ ਵਾਂਗੂ ਆਪਣੇ ਅਤੇ ਆਪਣੇ ਪਰਿਵਾਰ ਦੀ ਮਨ ਇਛਤ ਤਸਵੀਰ ਨੂੰ ਯਥਾਰਥ ਰੂਪ ਦਿੰਦੀ ਹੈ। ਪਰ ਇਸ ਇੱਛਤ ਯਥਾਰਥ ਨੂੰ ਵਾਸਤਵਿਕਤਾ ਵਿਚ ਪ੍ਰਵਰਤਿਤ ਕਰਨ ਲਈ ਉਹ ਤਾ ਉਮਰ ਚੇਤਨ ਤੌਰ ਤੇ ਯਤਨਸ਼ੀਲ ਰਹਿੰਦੀ ਹੈ। ਉਹ ਪਰਿਵਾਰਕ ਜਿੰਮੇਵਾਰੀਆਂ ਦੇ ਨਾਲ-ਨਾਲ ਇਕ ਸਫ਼ਲ ਪ੍ਰਸ਼ਾਸਨਿਕ ਦੇ ਤੌਰ 'ਤੇ ਉਭਰਦੀ ਹੈ ਜਿਸ ਕਰਕੇ ਉਹ ਆਪਣੇ ਛੋਟੇ ਸਕੂਲ ਨੂੰ ਹਾਇਰ ਸਕੈਂਡਰੀ ਤੱਕ ਪਹੁੰਚਾਉਂਦੀ ਹੈ ਅਤੇ ਨਾਲ ਹੀ ਉਸ ਨਾਲ ਹੀ ਉਹ ਇਕ ਕਾਲਜ ਵੀ ਸਥਾਪਿਤ ਕਰਦੀ ਹੈ।

ਨਾਵਲ ਦੇ ਮੁੱਢ ਤੋਂ ਲੈਕੇ ਅੰਤ ਤੱਕ ਇਕ ਨਿੱਘ ਭਿੱਜਾ ਰੋਮਾਂਸ ਅਤੇਫੈਲਿਆ ਹੋਇਆ ਭਾਵਾਤਮਕ ਪਰਾਮੰਡਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਰੋਮਾਂਸ ਅਤੇ ਭਾਵੁਕਤਾ ਇਸ ਨਾਵਲ ਵਿਚ ਮੁੱਢ ਤੋਂ ਲੈਕੇ ਅੰਤ ਤਕ ਇਕ ਪਰਿਵਾਰ ਨੂੰ ਪਰਿਵਾਰ ਦੇ ਤੌਰ 'ਤੇ ਸੰਗਠਿਤ ਕਰੀ ਰਖਦੀ ਹੈ ਅਤੇ ਪ੍ਰਤੀਕੂਲ ਸਥਿਤੀਆਂ ਦੇ ਵਿਰੁਧ ਸੰਘਰਸ਼ੀਲ ਹੋਣ ਲਈ ਪ੍ਰੇਰਦੀ ਹੈ। ਇਸ ਨਾਵਲ ਦੀ ਦੂਸਰੀ ਵਸਤੂਗਤ ਖੂਬੀ ਇਹ ਹੈ ਕਿ ਇਸ ਨਾਵਲ ਵਿਚ ਔਰਤ ਇਕ ਸ਼ਕਤੀਸ਼ਾਲੀ ਅਤੇ ਦ੍ਰਿੜ ਸੰਕਲਪ ਧਿਰ ਦੇ ਰੂਪ ਵਿਚ ਪੇਸ਼ ਹੋਈ ਹੈ। ਵਿਪਰੀਤ ਸਥਿਤੀਆਂ ਵਿਚ ਹਾਰ ਮੰਨ ਕੇ ਮੂੰਹ ਮੋੜਣ ਦੀ ਥਾਂ ਇਸ ਨਾਵਲ ਵਿਚਲੀਆਂ ਲਗਭਗ ਸਾਰੀਆਂ ਔਰਤਾਂ ਪ੍ਰਗਤੀਸ਼ੀਲ ਰਵੱਈਏ ਵਾਲੀਆਂ ਹਨ ਜੋ ਪ੍ਰਸਥਿਤੀਆਂ ਨੂੰ ਚੇਤੰਨ ਤੌਰ 'ਤੇ ਮੁਖਾਤਿਬ ਹੋ ਕੇ ਆਪਣੀਆਂ ਅਤੇ ਆਪਣੇ ਪਰਿਵਾਰਾਂ ਦੀ ਖ੍ਵਾਹਿਸ਼ਾਂ ਤੇ ਖੁਸ਼ਹਾਲੀ ਲਈ ਜੂਝਦੀਆਂ ਹਨ। ਰਵਨੀਤ, ਰਵਨੀਤ ਦੀ ਮਾਂ ਸਰਨ ਕੌਰ ਸਰਨੀ, ਰਵਨੀਤ ਦੀ ਨਾਨੀ ਨਾਨਕ ਕੌਰ, ਰਵਨੀਤ ਦੀ ਭੂਆ ਮਨਜੀਤ ਆਦਿ ਅਜਿਹੀਆਂ ਹੀ ਜੁਝਾਰੂ ਸੁਭਾਓ ਵਾਲੀਆਂ ਔਰਤਾਂ ਹਨ।

ਇਸ ਨਾਵਲ ਦੀ ਇਕ ਹੋਰ ਵਸਤੂਗਤ ਖੂਬੀ ਇਹ ਹੈ ਕਿ ਇਸ ਨਾਵਲ ਵਿਚ ਕਈ ਐਸੇ ਹਵਾਲੇ ਹਨ ਜੋ ਭ੍ਰਿਸ਼ਟ ਸਰਕਾਰੀ ਤੰਤਰ ਨੂੰ ਵਾਸਤਵਿਕਤਾ ਦੀ ਪੱਧਰ ਉਤੇ ਪੇਸ਼ ਕਰਦੇ ਹਨ। ਲੇਖਕ ਚੇਤੰਨ ਤੌਰ 'ਤੇ ਵੱਖੋ-ਵੱਖਰੇ ਸਰਕਾਰੀ ਦਫ਼ਤਰਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਰਵਨੀਤ ਦੇ ਸਕੂਲ਼ ਚਲਾਉਣ ਦੇ ਸੰਘਰਸ਼ ਰਾਹੀਂ ਨਸ਼ਰ ਕਰਦਾ ਹੈ।

ਇਸ ਨਾਵਲ ਦੀ ਕਲਾਤਮਕ ਖੂਬੀ ਇਸ ਦੀ ਵਰਨਣ ਕਲਾ ਵਿਚ ਨਿਹਿਤ ਹੈ। ਲੇਖਕ ਸਾਧਾਰਨ ਘਟਨਾਵਾਂ ਦਾ ਬਿਆਨ ਬਹੁਤ ਹੀ ਰੋਚਕ ਢੰਗ ਨਾਲ ਕਰਦਾ ਹੈ ਜੋ ਪਾਠਕ ਨੂੰ ਕਥਾ ਨਾਲ ਜੋੜੀ ਰਖਦਾ ਹੈ। ਦੂਸਰਾ ਲੇਖਕ ਨਿਅਮਿਤ ਅੰਤਰਾਲ ਬਾਅਦ ਸੰਵੇਦਨਸ਼ੀਲ ਸਥਿਤੀਆਂ ਨੂੰ ਦਰਸ਼ਾ ਕੇ ਪਾਠਕ ਦੇ ਮਨ 'ਤੇ ਗਹਿਰਾ ਪ੍ਰਭਾਵ ਛੱਡ ਜਾਂਦਾ ਹੈ।

ਸਾਲ 2017 ਦੇ ਅੰਤਰਗਤ ਵਿਚਾਰਾਧੀਨ ਦੂਸਰੀ ਪ੍ਰਮੁੱਖ ਰਚਨਾ ਡਾ. ਮੋਨੋਜੀਤ ਦਾ ਵਿਅੰਗ ਨਾਵਲ 'ਕੁੱਕ ਡੂ ਕੜੂੰ' ਹੈ। ਡਾ. ਮੋਨੋਜੀਤ ਮੂਲ ਰੂਪ ਵਿਚ ਇਕ ਸਥਾਪਿਤ ਵਿਅੰਗ ਵਾਰਤਕਕਾਰ ਹੈ ਤੇ ਵਿਅੰਗ ਉਸਦੀਆਂ ਵਾਰਤਕ ਰਚਨਾਵਾਂ ਦੀ ਮੂਲ ਵਿਧੀ ਹੈ ਜੋ ਉਸਦਾ ਸਿਰਜਣਾਤਮਕ ਸੁਭਾਉ ਬਣ ਚੁਕਾ ਹੈ। ਇਸ ਸਿਰਜਣਾਤਮਕ ਸੁਭਾਉ ਦਾ ਸਾਫ ਪ੍ਰਭਾਵ 'ਕੁੱਕ ਡੂ ਕੜੂੰ' ਉਤੇ ਦੇਖਿਆ ਜਾ ਸਕਦਾ ਹੈ। ਸੋ ਵਿਧਾਗਤ ਤੌਰ 'ਤੇ ਇਸ ਰਚਨਾ ਨੂੰ ਨਾਵਲ ਮੰਨ ਲੈਣਾ ਜਲਦਬਾਜ਼ੀ ਹੋਵੇਗੀ ਕਿਉਂਕਿ ਇਸ ਕਥਿਤ ਨਾਵਲ ਦੀ ਸੱਮੁਚੀ ਕਥਾ ਕਿਸੇ ਬਝਵੇਂ ਗਲਪੀ ਪੈਰਾਡਾਇਮ ਵਿਚ ਪੇਸ਼ ਨਹੀਂ ਹੁੰਦੀ। ਜਿਸ ਕਰਕੇ ਇਹ ਥੋੜਾ ਉਭਾਉਪਨ ਪੈਦਾ ਕਰਦੀ ਹੈ। ਪਰ ਜੇਕਰ ਇਸ ਨਾਵਲ ਨੂੰ ਵਿਅੰਗਾਤਕ ਲੇਖ ਸੰਗ੍ਰਹਿਦੇ ਤੌਰ 'ਤੇ ਨਿਰਖਿਆ ਪਰਖਿਆ ਜਾਵੇ ਤਾਂ ਇਹ ਰਚਨਾ ਬਹੁਤ ਸਾਰੇ ਗੰਭੀਰ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ। ਵਿਅੰਗ ਦਾ ਜੇਕਰ ਅੱਖਰੀ ਅਰਥ ਟੇਡ ਜਾਂ ਵਿੰਗ ਮੰਨ ਲਿਆ ਜਾਵੇ ਤਾਂ ਇਹ ਰਚਨਾ ਵਿਅੰਗ ਦੇ ਅਰਥਾਂ ਤੇ ਪੂਰੀ ਤਰ੍ਹਾਂ ਖਰੀ ਉਤਰਦੀ ਹੈ ਕਿਉਂਕਿ ਇਕ ਪਾਠਕ ਲਈ ਇਸ ਨੂੰ ਸੌਖਿਆਂ ਸਮਝ ਲੈਣਾ ਵੀ ਟੇਢੀ ਖੀਰ ਵਰਗਾ ਹੀ ਹੈ ਤੇ ਇਹ ਹੀ ਇਸ ਰਚਨਾ ਦੀ ਵਿਸ਼ੇਸ਼ਤਾ ਵੀ ਹੈ। ਇਸ ਦਾ ਹਰ ਇਕ ਕਾਂਡ ਇਕ ਖਾਸ ਕਿਸਮ ਦੀ ਕੋਡਡ ਫਾਰਮ ਦੇ ਵਿਚ ਹੈ ਜੋ ਇਤਿਹਾਸ ਅਤੇ ਮਿਥਿਹਾਸ ਦੇ ਆਵਰਣ ਹੇਠਾਂ ਤੱਤਕਾਲੀਨ ਅਤੇ ਸਮਕਾਲੀ ਉੱਤਰ ਆਧੁਨਕਿ ਭਾਰਤ ਦੀ ਬਾਤ ਪਾਉਂਦਾ ਹੈ। ਇਸ ਕੋਡ ਨੂੰ ਡੀਕੋਡ ਕਰਨਾ ਤੇ ਸਮਝਣਾ ਹੀ ਪਾਠਕ ਲਈ ਇਕ ਚੁਣੌਤੀ ਹੈ। ਇਸ ਰਚਨਾ ਵਿਚ ਲੇਖਕ ਨੇ ਇਤਿਹਾਸ ਅਤੇ ਮਿਥਿਹਾਸ ਦੀ ਵਿਅੰਗਾਤਮਕ ਪੇਸ਼ਕਾਰੀ ਰਾਹੀਂ ਭਾਰਤ ਅਤੇ ਭਾਰਤੀਆਂ ਦੀ ਮੁੱਢ ਕਦੀਮੀ ਅਨਿਸ਼ਚਿਤ ਅਤੇ ਗੁਲਾਮਖਸਲਤਚੋਂ ਉਪਜੇ ਦੀਰਘਕਾਲੀਨ ਸਮਾਜਿਕ, ਆਰਥਿਕ ਅਤੇ ਸਾਂਸਕ੍ਰਿਤਿਕ ਅੰਤਰ-ਵਿਰੋਧਾਂ ਨੂੰ ਰੂਪਮਾਨ ਕੀਤਾ ਹੈ। ਲੇਖਕ ਨੇ ਇਸ ਰਚਨਾ ਵਿਚ ਪੈਰ-ਪੈਰ 'ਤੇ ਸਿਰਜੇ ਹਵਾਲਿਆਂ ਰਾਹੀਂ ਧਾਰਮਿਕ ਅੰਧ ਵਿਸ਼ਵਾਸ, ਸੁੱਚ ਭਿੱਟ,ਅਖੌਤੀ ਵਰਣ ਵਿਵਸਥਾ ਅਤੇ ਅਸਾਵੀਂਆਰਥਿਕ ਵੰਡ ਅਧਾਰਿਤ ਜਮਾਤੀ ਪ੍ਰਬੰਧ ਵਿਚ ਸ਼ੋਸ਼ਤ ਹੁੰਦੇ ਆਮ ਲੋਕਾਂ ਨੂੰ ਹਰ ਥਾਂ ਮੁਰਗਾ ਬਣਦੇ ਦਿਖਾਇਆ ਹੈ। ਅਸਲ ਵਿਚ ਇਸ

ਰਚਨਾ ਵਿਚ ਮੁਰਗਾਜ਼ਹਿਨੀ ਕੰਗਾਲੀ ਅਤੇ ਗੁਲਾਮ ਮਾਨਸਿਕਤਾ ਕਰਕੇ ਸ਼ੋਸ਼ਤ ਹੁੰਦੇ ਵਰਗ ਦੇ ਸਮਰੂਪ ਆਪਣੀ ਹੋਂਦ ਗ੍ਰਹਿਣ ਕਰਦਾ ਹੋਇਆ ਚੇਤਨਾ ਦੀ ਪੱਧਰ 'ਤੇ ਇਨ੍ਹਾਂ ਸਵਾਲਾਂ ਦਾਪ੍ਰਤੀ ਉੱਤਰ ਹੋ ਨਿਬੜਦਾ ਹੈ ਕਿ, ਸਾਡੀ ਗੁਲਾਮੀ ਦੀ ਇਤਿਹਾਸਕ ਅਤੇ ਸਮਕਾਲੀਨ ਗਤੀਸ਼ੀਲਤਾ ਅਤੇ ਸਥਿਤੀ ਕੀ ਹੈ? , ਅਸੀਂ ਗੁਲਾਮ ਕਿਸਦੇ ਹਾਂ? , ਅਤੇ ਆਖ਼ਿਰ ਸਾਡੀ ਗੁਲਾਮੀ ਦੇ ਪ੍ਰਮੁੱਖ ਕਾਰਨ ਕੀ ਹਨ। ਡਾ. ਮੋਨੋਜੀਤ ਦਾ ਇਹ ਸੱਚਮੁੱਚ ਇਕ ਦਲੇਰਾਨਾ ਉਦਮ ਹੈ ਜਿਸ ਰਾਹੀਂ ਉਸ ਨੇ ਆਪਣੇ ਸੰਜੀਦਾ ਲੇਖਕ ਹੋਣ ਦਾ ਪ੍ਰਮਾਣ ਦਿੰਦਿਆਂ ਆਪਣੀ ਲੇਖਨੀ ਦੀ ਸਮਾਜਿਕ ਪ੍ਰਤੀਬੱਧਤਾ ਨੂੰ ਹੋਰ ਦ੍ਰਿੜ ਕੀਤਾ ਹੈ। ਉਮੀਦ ਹੈ ਇਹ ਰਚਨਾ ਜਲਦੀ ਹੀਸੰਪੂਰਨ ਰੂਪ ਵਿਚ ਪਾਠਕਾਂ ਸਨਮੁੱਖ ਹੋਵੇਗੀ।

'ਕੁੱਕ ਡੂ ਘੜੂ" ਤੋਂ ਬਾਅਦ 'ਪ੍ਰਿਤਪਾਲ ਸਿੰਘ ਬੇਤਾਬ' ਵਲੋਂ ਕ੍ਰਿਸ਼ਨ ਚੰਦਰ ਦੇ ਨਾਵਲ 'ਮਿਟੀ ਕੇ ਸਨਮ' ਦੇ ਅਨੁਵਾਦਤ ਰੂਪ 'ਮਿਟੀ ਦੇ ਬਾਵੇ' ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਬੇਸ਼ਕ ਇਹ ਨਾਵਲ ਪੰਜਾਬੀ ਦਾ ਮੌਲਿਕ ਨਾਵਲ ਨਹੀਂ ਪਰ ਇਸ ਨਾਵਲ ਦਾ ਕਥਾਨਕ ਰਿਆਸਤੀ ਜੰਮੂ ਕਸ਼ਮੀਰ ਦੇ ਪੁਣਛ ਖਿੱਤੇ ਦੇ ਇਤਿਹਾਸਕ ਯਥਾਰਥ ਨਾਲ ਜੁੜਿਆ ਹੋਣ ਕਰਕੇ 'ਮਿਟੀ ਕੇ ਸਨਮ' ਦਾ ਪੰਜਾਬੀ ਵਿਚ ਅਨੁਵਾਦ ਇਕ ਸ਼ਲਾਂਘਾਯੋਗ ਉਦਮ ਹੈ। ਇਹ ਨਾਵਲ ਵੀ ਕਲਪਨਾ ਦੀ ਥਾਂ ਵਾਸਤਵਿਕਤਾ ਉਤੇ ਆਧਾਰਿਤ ਹੈ ਅਤੇ ਇਸ ਵਿਚ ਵੀ ਸਵੈ-ਜੀਵਨੀਮੂਲਕ ਹਵਾਲਿਆਂ ਦੀ ਭਰਮਾਰ ਹੈ। ਪਰ ਇਸ ਨਾਵਲ ਵਿਚ ਦ੍ਰਿਸ਼ ਚਿਤ੍ਰਣ ਬੇਮਿਸਾਲ ਹੈ। ਕ੍ਰਿਸ਼ਨ ਚੰਦਰ ਦੀ ਕਲਮ ਤੋਂ ਨਿਕਲੇ ਅਤੇ 'ਪ੍ਰਿਤਪਾਲ ਸਿੰਘ ਬੇਤਾਬ' ਵਲੋਂ ਬੇਹਦ ਸੰਜੀਦਗੀ ਅਤੇ ਪੁਖਤਗੀ ਨਾਲ ਅਨੁਵਾਦੇ ਸ਼ਬਦ ਅਜਿਹੇ ਦ੍ਰਿਸ਼ਾਂ ਦੀ ਸਿਰਜਣਾ ਕਰਦੇ ਹਨ ਕਿ ਪਾਠਕ ਸਹਿਜ ਸੁਭਾਉ ਹੀ ਆਪਣੇ ਆਪ ਨੂੰ ਉਨ੍ਹਾਂ ਥਾਵਾਂ ਅਤੇ ਘਟਨਾਵਾਂ ਦਾ ਹਿੱਸਾ ਸਮਝਣ ਲੱਗ ਪੈਂਦਾ ਹੈ ਜਿਸ ਨਾਲ ਉਸ ਦਾ ਦੂਰ-ਦੂਰ ਤਕਵੀ ਕੋਈ ਵਾਸਤਾ ਸ਼ਾਇਦ ਨਾ ਹੋਵੇ। ਝੁਰੇਰਵਾ ਇਸ ਨਾਵਲ ਦੀ ਪ੍ਰਮੁੱਖ ਸੁਰ ਹੈ ਅਤੇ ਇਸੇ ਸੁਰ ਵਿਚੋਂ ਕਈ ਸੰਸਮਰਣ ਉਘੜ ਕੇ ਸਾਹਮਣੇ ਆਉਂਦੇ ਹਨ। ਇਹ ਨਾਵਲ ਅਸਲ ਵਿਚ ਬੀਤੇ ਸਮੇਂ ਦੇ ਇਕ ਵਿਸ਼ੇਸ਼ ਆਂਚਲ ਦਾਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਾਂਸਕ੍ਰਿਤਿਕ ਦਸਤਾਵੇਜ਼ ਹੋ ਨਿਬੜਦਾ ਹੈ।

### ਰਿਆਸਤੀ ਪੰਜਾਬੀ ਨਾਵਲ : ਸੰਭਾਵਨਾਵਾਂ

2017 ਤੋਂ ਬਾਅਦ ਸਾਲ 2018 ਵੀ ਨਾਵਲ ਸਿਰਜਣਾ ਦੇ ਪੱਖੋਂ ਉਦਾਸੀਨਤਾ ਵਾਲਾ ਹੀ ਰਿਹਾ ਹੈ। ਇਸ ਸਾਲ ਦੇ ਅਜੋਕੇ ਆਖਰੀ ਦਿਨਾਂ ਵਿਚ ਕੇਵਲ ਇਕ ਹੀ ਨਾਵਲ 'ਹਨੇਰੇ ਤਲਸ਼ਟ ਵਿਚ ਚਮਕਦਾ' ਪ੍ਰਕਾਸ਼ਿਤ ਹੋਇਆ ਹੈ ਪਰ ਉਹ ਵੀ ਮੌਲਿਕ ਨਾਵਲ ਨਹੀਂ ਸਗੋਂ ਡਾ. ਬਲਜੀਤ ਸਿੰਘ ਰੈਣਾ ਵਲੋਂ ਹਿੰਦੀ ਨਾਵਲ 'ਅਨਿਹਾਰੇ ਤਲਸ਼ਟ ਮੇਂ ਚਮਕਤਾ' ਦਾ ਪੰਜਾਬੀ ਅਨੁਵਾਦ ਹੀ ਹੈ। ਪਰ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਾਲਾਂ ਵਿਚ ਕੁੱਝ ਬੇਹਤਰੀਣ ਰਚਨਾਵਾਂ ਜ਼ਰੂਰ ਪ੍ਰਕਾਸ਼ਿਤ ਹੋਣਗੀਆਂ। ਆਪਣੇ ਵਲੋਂ ਰਿਆਸਤੀ ਪੰਜਾਬੀ ਨਾਵਲ ਦੀਆਂ ਸੰਭਾਵਨਾਵਾਂ ਨੂੰ ਸਮਝਣ ਲਈ ਕੀਤੇ ਇਕ ਸਰਵੇਖਣ ਦੌਰਾਨ ਰਿਆਸਤੀ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਇਕ ਗੁਣਾਤਮਕ ਅਤੇ ਗਿਣਾਤਮਕ ਸਰਗਰਮੀ ਦੀ ਸੰਭਾਵਨਾਂ ਦ੍ਰਿਸ਼ਟੀਗੋਚਰ ਜ਼ਰੂਰ ਹੋਈ ਹੈ। ਇਸ ਪ੍ਰਸੰਗ ਵਿਚ ਜਿਹੜੀਆਂ ਰਚਨਾਵਾਂ ਦੀ ਬਹੁਤ ਹੀ ਸ਼ਿੱਦਤ ਨਾਲ ਉਡੀਕ ਰਹੇਗੀ ਉਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਰਚਨਾ ਸੁਰਿੰਦਰ ਨੀਰ ਦਾ ਨਾਵਲ 'ਚਸ਼ਮਿ ਬੁਲਬੁਲ' ਹੈ। ਨੀਰ ਨਾਲ ਇਸ ਨਾਵਲ ਸੰਬੰਧੀਹੋਈ ਦੋ ਵਾਰ ਚਰਚਾ ਅਤੇ ਛਪਾਈ ਅਧੀਨ ਖਰੜੇ ਨੂੰ ਪੜ੍ਹਨ ਉਪਰੰਤ ਮੈਂ ਨਿਸ਼ਚਿੰਤ ਹੋ ਕੇ ਇਹ ਕਹਿ ਸਕਦਾ ਹਾਂ ਕਿ ਇਹ ਨਾਵਲ ਸ਼ਿਕਾਰਗਾਹ ਤੋਂ ਬਾਅਦ ਉਸਦਾ ਦੂਸਰਾ ਅਜਿਹਾ ਨਾਵਲ ਹੋਵੇਗਾ ਜੋ ਬਤੌਰ ਨਾਵਲਕਾਰਾ ਨਾ ਕੇਵਲ ਨੀਰ ਦੀ ਪਛਾਣ ਨੂੰ ਹੋਰ ਪ੍ਰੋੜ ਕਰੇਗਾ ਬਲਕਿ ਰਿਆਸਤੀ ਪੰਜਾਬੀ ਨਾਵਲ ਲਈ ਵੀ ਇਕ ਮੀਲ ਦਾ ਪੱਥਰ ਸਾਬਿਤ ਹੋਵੇਗਾ। ਨੀਰ ਇਸ ਨਾਵਲ ਰਾਹੀਂ ਆਪਣੀ ਪ੍ਰਤੀ ਬਣੀ ਉਸ ਮਿੱਥ ਨੂੰ ਜ਼ਰੂਰ ਤੋੜਦੀ ਨਜ਼ਰ ਆਉਂਦੀ ਹੈ ਕਿ ਉਹ ਇਕ ਨਾਰੀਵਾਦੀ ਲੇਖਿਕਾ ਹੈ। ਉਸਦਾ ਇਹ ਨਾਵਲ ਕਾਨੀਕਾਰ ਅਤੇ ਸੰਗੀਤਕਾਰ ਮੁਸਤਫ਼ਾ ਅਤੇ ਉਸਦੇ ਪੁਤਰ ਦਾਨਿਸ਼ ਦੀ ਜਿੰਦਗੀ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਉਸ ਦੇ ਇਸ ਨਾਵਲ ਦਾ ਥੀਮ

ਕਸ਼ਮੀਰ ਦੀ ਕਾਨੀ ਕਲਾ ਅਤੇ ਕਾਨੀ ਕਲਾ ਦੇ ਇਕ ਖ਼ਾਸ ਮੋਟੀਫ਼ ਬੁਲ ਬੁਲ ਦੀ ਉਦਾਸ ਜਿਹੀ ਲਗਦੀ ਅੱਖ 'ਤੇ ਆਧਾਰਿਤ ਹੈ ਜੋ ਕਸ਼ਮੀਰੀ ਕਲਾ ਦਾ ਇਕ ਪਛਾਣ ਬਿੰਦੂ ਹੈ ਅਤੇ ਜਿਸਦਾ ਆਪਣਾ ਇਕਇਤਿਹਾਸਕ, ਆਂਚਲਿਕ ਅਤੇ ਆਰਥਿਕ ਮਹੱਤਵ ਹੈ। ਇਸ ਨਾਵਲ ਦਾ ਕਥਾਨਕ ਪਰਾਇਤਿਹਾਸਕ ਸਮੇਂ ਤੋਂ ਲੈਕੇ (ਜਦੋਂ ਇਹ ਕਲਾ ਇਰਾਨ ਰਾਹੀਂ ਕਸ਼ਮੀਰ ਵਿਚ ਪਹੁੰਚੀ) ਸਮਕਾਲੀ ਕਸ਼ਮੀਰ ਸੰਕਟ ਤਕ ਫੈਲਿਆ ਹੋਇਆ ਹੈ। ਨੀਰ ਆਪਣੇ ਇਸ ਨਾਵਲ ਰਾਹੀਂ ਕਸ਼ਮੀਰ ਦੇ ਇਸ ਦੀਰਘ ਸੰਕਟ ਵਿਚੋਂ ਵੀ ਜ਼ਿੰਦਗੀ ਦੀ ਰਵਾਂਦਾਰੀ ਨੂੰ ਤਲਾਸ਼ਦੀ ਹੋਈਫ਼ਲਸਫ਼ਾਨਾ ਅੰਦਾਜ ਵਿਚ ਕਸ਼ਮੀਰ, ਕਸ਼ਮੀਰੀ ਅਤੇ ਕਸ਼ਮੀਰੀਅਤ ਦੀ ਇਕ ਅਜਿਹੀ ਖ਼ੂਬਸੂਰਤ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਰਾਹੀਂ ਸਮੁੱਚੇ ਵਿਸ਼ਵ ਅੰਦਰ ਕਸ਼ਮੀਰ ਦੀ ਬਣੀ ਖਰਾਬ ਤਸਵੀਰ ਨੂੰ ਬਹੁਤ ਹੱਦ ਤੱਕ ਬਦਲਿਆ ਜਾ ਸਕਦਾ ਹੈ। ਇਹ ਨਾਵਲ ਕਸ਼ਮੀਰੀ ਸਮਾਜਿਕ-ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਲੋਕਧਾਰਾ ਦਾ ਮਹੱਤਵਪੂਰਨ ਦਸਤਾਵੇਜ਼ ਸਾਬਿਤ ਹੋਵੇਗਾ। ਇਸ ਤੋਂ ਇਲਾਵਾ ਸਾਲ 2020 ਦੇ ਅੰਤ ਤੱਕ ਸੁਰਿੰਦਰ ਨੀਰ ਦੇ ਨਾਵਲ ਮਾਇਆ ਦੀ ਅਗਲੀ ਕੜੀ ਨਾਵਲ ਮਹਾਂ-ਮਾਇਆ ਦੇ ਪ੍ਰਕਾਸ਼ਿਤ ਹੋਣ ਦੀ ਵੀ ਸੰਭਾਵਨਾ ਹੈ।

ਸਾਲ 2019-20 ਵਿਚ ਹੀ ਡਾ. ਬਲਜੀਤ ਸਿੰਘ ਰੈਣਾ ਦੇ ਪਲੇਠੇ ਨਾਵਲ 'ਮੁਹੱਬਤ' ਦੇ ਪਾਠਕਾਂ ਤਕ ਪਹੁੰਚਣ ਦੀ ਉਮੀਦ ਹੈ। ਇਸ ਨਾਵਲ ਦਾ ਥੀਮ 1947 ਦੀ ਦੇਸ਼ ਵੰਡ ਤੋਂ ਬਾਅਦ ਦੇ ਕਸ਼ਮੀਰ ਉਤੇ ਹੋਏ ਕਬਾਇਲੀ ਹਮਲੇ ਕਰਕੇ ਵਿਛੜੇ ਪਰਿਵਾਰਾਂ ਜਾਂ ਪਰਿਵਾਰਕ ਮੈਬਰਾਂ ਦੀ ਤ੍ਰਾਸਦਿਕ ਸਥਿਤੀ ਹੀ ਹੈ ਜੋ ਲੰਮੇ ਅੰਤਰਾਲ ਬਾਅਦ ਕਸ਼ਮੀਰ ਤੋਂ ਮੁਜਫ਼ਰਾਵਾਦ ਲਈ ਸ਼ੁਰੂ ਹੋਈ ਬਸ ਸੇਵਾ ਕਰਕੇ ਮਿਲਦੇ ਹਨ।

ਸਾਲ 2019 ਜਾਂ 20 ਦੇ ਆਰੰਭ ਵਿਚ ਹੀ ਪੋਪਿੰਦਰ ਪਾਰਸ ਵੀ ਆਪਣੇ ਲਿਖੇ ਜਾ ਰਹੇ ਨਾਵਲ 'ਦਿਲ ਨਾਗ' ਰਾਹੀਂ ਪਾਠਕਾਂ ਅਤੇ ਆਲੋਚਕਾਂ ਦੀ ਕਚਹਿਰੀ ਵਿਚ ਹਾਜ਼ਿਰ ਹੋਵੇਗਾ। ਬਕੌਲ ਪਾਰਸ ਇਹ ਨਾਵਲ ਕਸ਼ਮੀਰ ਦੇ ਮੌਜੂਦਾ ਰਾਜਨੀਤਿਕ ਸੰਕਟ ਵਿਚ ਘੱਟ ਗਿਣਤੀ ਕਸ਼ਮੀਰੀ ਸਿੱਖ ਭਾਈਚਾਰੇ ਦੀ ਸਮਾਜਿਕ ਅਤੇ ਮਾਨਸਿਕ ਸਥਿਤੀ ਨੂੰ ਸੰਬੋਧਿਤ ਹੁੰਦਾ ਹੈ। ਇਸ ਨਾਵਲ ਦੀ ਕਹਾਣੀ ਕਸ਼ਮੀਰੀ ਦਹਿਸ਼ਤਗਰਦੀ ਦੇ ਕਰੂਰ ਯਥਾਰਥ ਨੂੰ ਸਿਰਜਦੀ ਹੋਈ ਇਸ ਦਹਿਸ਼ਤਗਰਦੀ ਦੇ ਦੌਰ ਵਿਚ ਮਾਨਵਵਾਦੀ ਮੁੱਲਾਂ ਦੀ ਸਪੇਸ ਨੂੰ ਤਲਾਸ਼ਦੀ ਨਜ਼ਰ ਆਉਂਦੀ ਹੈ। ਇਸ ਨਾਵਲ ਦਾ ਕਥਾ ਸੰਦਰਭ ਤਰਾਲ ਦੇ ਇਲਾਕੇ ਨਾਲ ਸਬੰਧਿਤ ਇਕ ਸਿੱਖ ਨੌਜਵਾਨ ਨੂੰ ਕਸ਼ਮੀਰ ਦੀ ਆਜ਼ਾਦੀ ਦੇ ਤਲਬਗਾਰਾਂ ਵਲੋਂ ਅਗਵਾ ਕਰਨ ਉਪਰੰਤ ਮੁੜ ਛੱਡ ਦੇਣ ਦੇ ਨਾਲ ਜਾ ਜੁੜਦਾ ਹੈ। ਉਮੀਦ ਕੀਤੀ ਜਾਂ ਸਕਦੀ ਹੈ ਕਿ ਇਹ ਨਾਵਲ ਮਾਨਵਵਾਦੀ ਮੁੱਲਾਂ ਦੀ ਨਵੀਂ ਤਰਤੀਬ ਸਿਰਜੇਗਾ ਹੈ, ਜਿਸ ਵਿਚ ਮਾਨਵੀ ਮੁੱਲਾਂ ਦੀ ਥਾਂ ਦਹਿਸ਼ਤਗਰਦੀ ਤੋਂ ਕਿਧਰੇ ਉਪਰ ਹੈ। ਇਹ ਦੇਖਣਾ ਦਿਲਚਸਪ ਰਹੇਗਾ ਕਿ 'ਪਾਰਸ' ਆਪਣੇ ਇਸ ਪਲੇਠੇ ਯਤਨ ਰਾਹੀਂ ਇਕ ਸ਼ਿਲਪੀ ਦੇ ਤੌਰ 'ਤੇ ਨਾਵਲਕਾਰੀ ਦੇ ਪਿੜ ਵਿਚ ਕਿਨਾ ਸਫਲ ਹੁੰਦਾ ਹੈ। ਮੈਨੂੰ ਨਿਜੀ ਤੌਰ 'ਤੇ ਇਸ ਨਾਵਲ ਦਾ ਇੰਤਜ਼ਾਰ ਹੈ।

ਪਾਰਸ ਤੋਂ ਇਲਾਵਾ ਰਿਆਸਤ ਦੇ ਪ੍ਰਤੀਬੱਧ ਸ਼ਾਇਰ ਅਜੀਤ ਸਿੰਘ ਮਸਤਾਨਾ ਜੀ ਵਲੋਂ ਇਸ ਪੱਖੋਂ ਇਕ ਸ਼ੁਭ ਸੰਕੇਤ ਮਿਲਿਆ ਹੈ ਕਿ ਉਹ ਵੀ 1947 ਦੇ ਉਜਾੜੇ ਦੀ ਤਵਾਰੀਖ ਦਾ ਗਲਪੀ ਰੁਪਾਂਤਰਣ ਕਰਨ ਲਈ ਯਤਨਸ਼ੀਲ ਹਨ। ਉਮੀਦ ਹੈ ਭਵਿੱਖ ਵਿਚ ਉਨ੍ਹਾਂ ਦਾ ਨਾਵਲ ਵੀ ਸਾਹਿਤਕ ਸਫ਼ਾਂ ਵਿਚ ਚਰਚਾ ਦਾ ਵਿਸ਼ਾ ਜ਼ਰੂਰ ਬਣੇਗਾ।

ਉਪਰੋਕਤ ਚਰਚਾ ਨੂੰ ਸੰਕੋਚਦਿਆਂ ਅਸੀਂ ਅੰਤ ਵਿਚ ਇਹ ਕਹਿ ਸਕਦੇ ਹਾਂ ਕਿ ਸਾਲ 2017-18ਰਿਆਸਤੀ ਪੰਜਾਬੀ ਨਾਵਲ ਲਈ ਕੋਈ ਬਹੁਤ ਸੰਤੋਖਜਨਕ ਨਹੀਂ ਪਰ ਭਵਿੱਖ ਵਿਚ ਪ੍ਰਕਾਸ਼ਤ ਹੋਣ ਵਾਲੇ ਨਾਵਲਾਂ ਕਰਕੇ ਸਮਕਾਲੀ ਰਿਆਸਤੀ ਪੰਜਾਬੀ ਨਾਵਲ ਵਿਚ ਕੁਝ ਸੰਭਾਵਨਾਵਾਂ ਜ਼ਰੂਰ ਨਜ਼ਰ ਆ ਰਹੀਆਂ ਹਨ। ਇਸ ਪਖੋਂ ਨਵੀਂ ਲੇਖਕ ਪੀੜੀ ਦਾ ਇਸ ਖੇਤਰ ਵੱਲ ਅਹੁਲਣਾ ਬਹੁਤ ਹੀ ਜ਼ਰੂਰੀ ਹੈ।

❖

Regd. No. 28873/76
ISSN 2319-5053
UGC No. 41927

May - June 2019

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu